بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 03.02.2017

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਅੱਜ ਜੱਦਕਿ ਇਸਲਾਮ ਨੂੰ ਹਰ ਥਾਂ ਬਦਨਾਮ ਕੀਤਾ ਜਾ ਰਿਹਾ ਹੈ ਮੁਸਲਮਾਨ ਦੇਸ਼ਾਂ ਵਿੱਚ ਮੁਸਮਲਮਾਨ ਆਪ ਮੁਸਲਮਾਨ ਦੇ ਖ਼ੂਨ ਦਾ ਪਿਆਸਾ ਹੈ ਅਤੇ ਮੁਸਲਮਾਨ ਦੇ ਅਮਲ ਇਸਲਾਮ ਦੀ ਸਿੱਖਿਆ ਤੋਂ ਦੂਰ ਜਾ ਪਏ ਹਨ, ਅਜਿਹੇ ਸਮੇਂ ਅਸੀਂ ਅਹਮਦੀਆਂ ਨੇ ਹੀ ਦੁਨੀਆ ਨੂੰ ਇਸਲਾਮ ਦੀ ਸੁੰਦਰ ਸਿੱਖਿਆ ਤੋਂ ਜਾਣੂ ਕਰਾਉਂਣਾ ਹੈ ਅਤੇ ਇਸ ਬਾਰੇ ਸਭ ਤੋਂ ਵੱਧ ਜ਼ਰੂਰੀ ਚੀਜ਼ ਰੱਬ ਨਾਲ ਸੰਬੰਧ ਬਨਾਉਂਣਾ ਹੈ ।**

## ਜਲਸਾ ਸਾਲਾਨਾ ਬੰਗਲਾ ਦੇਸ਼ ਅਤੇ ਸੀਰਾਲੀਊਨ ਦੇ ਮੌਕੇ'ਤੇ ਜਲਸੇ ਵਿੱਚ ਭਾਗ ਲੈਂਣ ਵਾਲਿਆਂ ਨੂੰ ਅਨਮੋਲ ਨਿਰਦੇਸ਼

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 03 ਫ਼ਰਵਰੀ 2017 ਈ. ਨੂੰ ਮਸਜਿਦ ਬੈਤੁਲ ਫ਼ਤੂਹ (ਲੰਦਨ) ਵਿੱਚ ਦਿੱਤਾ ।**

ਤਸ਼ੱਹੁਦ, ਤਉਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅੱਜ ਬੰਗਲਾ ਦੇਸ਼ ਦਾ ਸਾਲਾਨਾ ਜਲਸਾ ਸ਼ੁਰੂ ਹੋ ਰਿਹਾ ਹੈ ਇਸ ਵਾਰ ਉਹਨਾਂ ਦੇ ਅਖ਼ੀਰਲੇ ਦਿਨ ਦੇ ਜਲਸੇ ਵਿੱਚ ਮੈਂ ਸੰਬੋਧਨ ਨਹੀਂ ਕਰਨਾ ਸੀ । ਇਸ ਲਈ ਉਹਨਾਂ ਨੇ ਇਹ ਇੱਛਾ ਪ੍ਰਕਟ ਕੀਤੀ ਕਿ ਖ਼ੁਤਬੇ ਵਿੱਚ ਹੀ ਇਸ ਹਵਾਲੇ ਨਾਲ ਕੁਛ ਕਹਿ ਦਿਆਂ । ਅਲੱਾਹ ਤਆਲਾ ਦੀ ਮਿਹਰ ਨਾਲ ਬੰਗਲਾ ਦੇਸ਼ ਦੀ ਜਮਾਤ ਵੀ ਬਹੁਤ ਖ਼ਾਲਸ ਤੇ ਨੇਕ ਜਮਾਤ ਹੈ, ਇਹ ਵੀ ਉਹ ਦੇਸ਼ ਹੈ ਜਿੱਥੇ ਓਥੋਂ ਦੇ ਅਹਮਦੀਆਂ ਨੇ ਜਾਨ ਦੀ ਕੁਰਬਾਨੀ ਵੀ ਦਿੱਤੀ ਹੈ । ਲਗਭਗ 12-13 ਸ਼ਹੀਦ ਹੋਏ ਹਨ, ਔਕੁੜਾਂ ਵੀ ਝੱਲੀਆਂ ਤੇ ਝੱਲ ਰਹੇ ਹਨ, ਪਰ ਅਹਦੀਅਤ ਅਤੇ ਹਕੀਕੀ ਇਸਲਾਮ ਉਪੱਰ ਇਮਾਨ ਤੇ ਵਿਸ਼ਵਾਸ ਵਿੱਚ ਰੱਬ ਦੀ ਮਿਹਰ ਨਾਲ ਬਹੁਤ ਪੱਕੇ ਹਨ । ਰੱਬ ਕਰੇ ਇਹਨਾਂ ਦੇ ਇਮਾਨ ਤੇ ਵਿਸਵਾਸ ਵਿੱਚ ਹਮੇਸ਼ਾਂ ਹੀ ਵਾਧਾ ਕਰਦਾ ਚਲਾ ਜਾਵੇ । ਇਸੇ ਪ੍ਰਕਾਰ ਸੀਰਾਲੀਯੂਨ ਵਿੱਚ ਵੀ ਅੱਜ ਜਲਸਾ ਸਾਲਾਨਾ ਸ਼ੁਰੂ ਹੋਇਆ ਹੈ ਅਤੇ ਓਥੇ ਵੀ ਉਹਨਾਂ ਨੂੰ ਕੁਝ ਰੁੱਤ ਕਰਕੇ ਔਕੁੜ ਸੀ ਅਤੇ ਕੁਝ ਸਿਕਓਰਟੀ ਦੇ ਖ਼ਦਸ਼ੇ ਸਨ । ਉਹਨਾਂ ਨੇ

ਵੀ ਦੁਆ ਲਈ ਕਿਹਾ ਅਤੇ ਜਲਸੇ ਨੂੰ ਹਰ ਪੱਖੋਂ ਸਫ਼ਲ ਹੋਣ ਲਈ ਕਿਹਾ, ਰੱਬ ਇਸ ਨੂੰ ਵੀ ਬਰਕਤਾਂ ਭਰਪੂਰ ਬਣਾਏ ।

ਸਾਨੂੰ ਹਮੇਸ਼ਾ ਚੇਤੇ ਰਖੱਣਾ ਚਾਹੀਦਾ ਹੈ ਕਿ ਜਿਸ ਉਦੇਸ਼ ਲਈ ਜਲਸੇ ਆਯੋਜਤ ਕੀਤੇ ਜਾਂਦੇ ਹਨ, ਉਸ ਉਦੇਸ਼ ਦੀ ਆਤਮਾ ਨੂੰ ਸਮਝਣ ਵਾਲੇ ਹੋਈਏ ਅਤੇ ਫਿਰ ਪ੍ਰਾਪਤ ਕਰਨ ਵਾਲੇ ਹੋਈਏ ਫਿਰ ਉਹ ਭਾਵੇਂ ਦੁਨੀਆਂ ਦੇ ਕਿਸੇ ਵੀ ਦੇਸ਼ ਵਿੱਚ ਹੋਣ । ਬੰਗਲਾ ਦੇਸ਼ ਵਿੱਚ ਜਾਂ ਸੀਰਾਲੀਯੁਨ ਵਿੱਚ ਜਾਂ ਅਫ਼ਰੀਕਾ ਦੇ ਜਾਂ ਕਿਤੇ ਹੋਰ ਵੀ । ਅਤੇ ਉਹ ਉਦੇਸ਼ ਕੀ ਹੈ ? ਉਹ ਉਦੇਸ਼ ਉਹ ਹੈ ਜਿਸ ਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਵੱਖ ਵੱਖ ਸਮਿਆਂ ਵਿੱਚ ਜਲਸੇ ਬਾਰੇ ਵਰਨਣ ਕੀਤੇ ਹਨ । ਮੈਨੂੰ ਆਸ ਹੈ ਕਿ ਜਲਸਾ ਸਲਾਨਾ ਦੇ ਉਦਘਾਟਨ ਸਮੇਂ ਬੰਗਲਾ ਦੇਸ਼ ਵਾਲੇ ਵੀ, ਸੀਰਾਲੀਯੁਨ ਵਾਲੇ ਵੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਫ਼ਰਮਾਨ ਸੁਣ ਚੁਕੇ ਹਨ । ਦੁਨੀਆ ਦੇ ਹਰ ਅਹਮਦੀ ਨੂੰ ਹਰ ਸਮੇਂ ਆਪਣਾ ਉਦੇਸ਼ ਆਪਣੇ ਸਾਹਮਣੇ ਰਖੱਣਾ ਚਾਹੀਦਾ ਹੈ ਕਿਉਂਕਿ ਇਹ ਕੇਵਲ ਤਿੰਨ ਦਿਨਾ ਮੰਤਵ ਨਹੀਂ ਹੈ ਸਗੋਂ ਇਕ ਅਹਮਦੀ ਮੁਸਲਮਾਨ ਦੇ ਸਾਰੇ ਜੀਵਨ ਦਾ ਉਦੇਸ਼ ਹੈ । ਸੋ, ਇਹਨਾ ਮੰਤਵਾਂ ਨੂੰ ਹਰ ਸਮੇਂ ਆਪਣੇ ਸਾਹਮਣੇ ਰਖੱਣਾ ਚਾਹੀਦਾ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਜਲਸੇ ਦਾ ਇਕ ਉਦੇਸ਼ ਇਹ ਹੈ ਕਿ ਸੰਘਰਸ਼ ਤੇ ਸੰਜਮਤਾ ਪੈਦਾ ਹੋਵੇ । ਹੁਣ ਇਹ ਕੋਈ ਆਰਜ਼ੀ ਚੀਜ਼ ਨਹੀਂ ਹੈ ਸਦਾ ਰਹਿਣ ਵਾਲੀ ਚੀਜ਼ ਹੈ । ਫਿਰ ਜਲਸੇ'ਤੇ ਆਉਂਣਾ ਤੁਹਾਡੇ ਅੰਦਰ ਰੱਬ ਦੇ ਖ਼ੌਫ਼ ਦਾ ਹਕੀਕੀ ਕਿਰਦਾਰ ਪਾਉਂਣ ਵਾਲਾ ਹੋਵੇ ਅਰਥਾਤ ਅਜਿਹਾ ਖ਼ੌਫ਼ ਜੋ ਕੇਵਲ ਡਰਕੇ ਕਰਨ ਵਾਲਾ ਨਹੀਂ ਹੈ ਸਗੋਂ ਆਪਣੇ ਮਹਬੂਬ (ਪ੍ਰੀਤਮ) ਦੀ ਨਰਾਜ਼ਗੀ ਦਾ ਖ਼ੌਫ਼ ਹੈ । ਫਿਰ ਇਹ ਕਿ ਜਲਸੇ ਉਪੱਰ ਆਉਂਣਾ ਅਤੇ ਰੂਹਾਨੀ ਵਾਤਾਵਰਣ ਇਕ ਦੂਜੇ ਲਈ ਪ੍ਰੇਮ ਪੈਦਾ ਕਰਨ ਵਾਲਾ ਹੋਵੇ । ਰੱਬ ਦਾ ਪ੍ਰੇਮ ਪ੍ਰਾਪਤ ਕਰਨ ਲਈ ਇਕ ਦੂਜੇ ਨਾਲ ਪ੍ਰੇਮ ਵਿੱਚ ਅੱਗੇ ਵਧਣ ਵਾਲਾ ਹੋਵੇ । ਆਪੋ ਵਿੱਚ ਅਜਿਹਾ ਭਾਈਚਾਰਾ ਹੋ ਜਾਵੇ ਜਿਸ'ਤੇ ਸਾਰੀ ਦੁਨੀਆ ਈਰਖਾ ਅਤੇ ਅਜਿਹੇ ਨਮੂਨੇ ਹੀ ਵਾਸਤਵ ਵਿੱਚ ਇਸਲਾਮੀ ਸਿੱਖਿਆ ਦਾ ਪ੍ਰਗਟਾਵਾ ਹਨ ।

ਆਪ ਅਲੈਹਿ ਸਲਾਮ ਨੇ ਇਸ ਗੱਲ ਦੀ ਲੋੜ ਦਾ ਵੀ ਅਹਿਸਾਸ ਦੁਆਇਆ ਕਿ ਆਪ ਦੇ ਮੰਨ੍ਹਣ ਵਾਲੇ ਆਜਜ਼ੀ ਤੇ ਵਿਨਮ੍ਰਤਾ ਭਰਪੂਰ ਹੋਣ । ਹੰਕਾਰ ਤੇ ਘੁਮੰਡ ਨੂੰ ਆਪਣੇ ਵਿੱਚੋਂ ਉੱਕਾ ਹੀ ਕੱਢ ਦੇਣ । ਅੱਜ ਜੱਦ ਕਿ ਇਸਲਾਮ ਨੂੰ ਹਰ ਥਾਂ ਬਦਨਾਮ ਕੀਤਾ ਜਾ ਰਿਹਾ ਹੈ, ਖ਼ੁੱਦ ਮੁਸਲਮਾਨ ਦੇਸ਼ਾਂ ਵਿੱਚ ਮੁਸਲਮਾਨ ਮੁਸਲਮਾਨ ਦੇ ਖ਼ੂਨ ਦਾ ਪਿਆਸਾ ਹੈ ਅਤੇ ਮੁਸਲਮਾਨ ਦੇ ਕਰਮ ਇਸਲਾਮ ਦੀ ਸਿੱਖਿਆ ਤੋਂ ਦੂਰ ਜਾ ਚੁਕੇ ਹਨ । ਜਿਹੇ ਸਮੇਂ ਅਸੀਂ ਅਹਮਦੀਆਂ ਨੇ ਹੀ ਦੁਨੀਆ ਨੂੰ ਇਸਲਾਮ ਦੀ ਸੁੰਦਰ ਸਿੱਖਿਆ ਤੋਂ ਜਾਣੂ ਕਰਾਉਂਣਾ ਹੈ ਅਤੇ ਇਸ ਲਈ ਸਭ ਤੋਂ ਜ਼ਰੂਰੀ ਚੀਜ਼ ਰੱਬ ਨਾਲ ਸੰਬੰਧ ਪੈਦਾ ਕਰਨਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਹ ਜਲਸਾ ਇਸ ਲਈ ਆਯੋਜਤ ਕੀਤਾ ਜਾਂਦਾ ਹੈ ਕਿ ਇਸ ਵਾਤਾਵਰਣ ਵਿੱਚ ਰਹਿ ਕੇ ਅਰਥਾਤ ਇਹਨਾਂ ਤਿੰਨਾਂ ਦਿਨਾਂ ਵਿੱਚ ਜੋ ਵਾਤਾਵਰਣ ਬਣਦਾ ਹੈ ਉਸ ਵਿੱਚ ਰਹਿਕੇ ਆਪਣੇ ਉਪੱਰ ਲੱਗੇ ਜੰਗ ਨੂੰ ਉਤਾਰਣ ਆਪਣੇ ਮਨਾਂ ਦੇ ਜੰਗ ਲਾਉਣ । ਆਸਥਾ ਦੇ ਪੱਖੋਂ ਬੇਸ਼ਕ ਬਹੁਤ ਪੱਕੇ ਹਨ ਏਥੇ ਰਹਿਣ ਵਾਲੇ ਅਹਮਦੀ ਅਤੇ ਜਿਵੇਂ ਕਿ ਮੈਂ ਕਿਹਾ, ਬੰਗਲਾ ਦੇਸ਼ ਦੇ ਅਹਮਦੀਆਂ ਨੇ ਜਾਨਾਂ ਵੀ ਕੁਰਬਾਨ ਕੀਤੀਆਂ ਪਰ ਰੱਬ ਸਾਡੇ ਵਿੱਚੋਂ ਹਰ ਇਕ ਤੋਂ ਇਹ ਚਾਹੁੰਦਾ ਹੈ ਕਿ ਇਸਲਾਮ ਦੇ ਇਸ ਦੂਜੇ ਦੌਰ ਵਿੱਚ ਅਪਾਣੀਆਂ ਕਰਮ ਰੂਪੀ ਅਵਸਥਾਵਾਂ ਨੂੰ ਵੀ ਉਰੱਤਮ ਮਾਪਦੰਡਾ ਉਪੱਰ ਲੈ ਜਾਈਏ । ਨਮਾਜ਼ਾਂ ਦੀ ਪਾਬੰਦੀ ਰੱਬ ਦੇ ਦੱਸੇ ਹੋਏ ਤਰੀਕੇ ਅਨੁਸਾਰ ਕਰੀਏ । ਆਪਣੀਆਂ ਨਮਾਜ਼ਾਂ ਵਿੱਚ ਨਮਾਜ਼ਾਂ ਦੀ ਰੂਹ (ਆਤਮਾ) ਨੂੰ ਕਾਇਮ ਕਰਨ ਦਾ ਜਤਨ ਕਰੀਏ । ਇਸ ਬਾਰੇ ਮੈਂ ਪਿਛੱਲੇ ਦੋ ਖ਼ੁਤਬਿਆਂ ਵਿੱਚ ਬਹੁਤ ਵਿਸਥਰ ਨਾਲ ਵਰਨਣ ਕਰ ਚੁਕਿਆ ਹਾਂ । ਹਕੂਕੁਲ

ਇਬਾਦ ਦੀ ਅਦਾਇਗੀ ਆਪਣਿਆਂ ਸਾਰਿਆਂ ਜਤਨਾ ਤੇ ਯੋਗਤਾਵਾਂ ਨਾਲ ਪੂਰਾ ਕਰੋ । ਜਿਵੇਂ ਕਿ ਵਰਨਣ ਹੋਇਆ ਹੈ ਕਿ ਜਲਸਿਆਂ ਦੇ ਉਦੇਸ਼ਿਆਂ ਵਿੱਚੋਂ ਇਕ ਮੰਤਵ ਸੰਘਰਸ਼ ਤੇ ਤਕਵਾ (ਸੰਜਮਤਾ) ਪੈਦਾ ਕਰਨਾ ਹੈ । ਸੰਜਮਤਾ ਬਾਰੇ ਵਿਆਖਿਆ ਕਰਦਿਆਂ ਹੋਇਆਂ ਇਕ ਥਾਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ :

ਤਕਵਾ (ਸੰਜਮਤਾ) ਦੇ ਅਰਥ ਹਨ ਕਿ ਬਦੀ ਦੇ ਸੂਖਮ ਮਾਰਗਾਂ ਤੋਂ ਪਰਹੇਜ਼ ਕਰਨਾ, ਪਰ ਚੇਤੇ ਰੱਖੋ ਨੇਕੀ ਐਨ੍ਹੀ ਨਹੀਂ ਇਕ ਇਕ ਵਿਅਕਤੀ ਕਹੇ ਕਿ ਮੈਂ ਨੇਕ ਹਾਂ ਇਸ ਲਈ ਕਿ ਮੈਂ ਕਿਸੇ ਦਾ ਮਾਲ ਨਹੀਂ ਲਿਆ ਕਿਸੇ ਨੂੰ ਲੁੱਟਿਆ ਨਹੀਂ, ਖੋਹਿਆ ਨਹੀਂ, ਕਿਸੇ ਦੇ ਹੱਕ ਮਾਰੇ ਨਹੀਂ, ਡਾਕਾ ਨਹੀਂ ਮਾਰਿਆ, ਚੋਰੀ ਨਹੀਂ ਕਰਦਾ, ਬਦ ਨਜ਼ਰੀ ਤੇ ਵਿਭਚਾਰ ਵੀ ਨਹੀਂ ਕਰਦਾ । ਅਜਿਹੀ ਨੇਕੀ ਆਰਫ਼ ਨਜ਼ਦੀਕ ਹਾਸੇ ਵਾਲੀ ਗੱਲ ਹੈ, ਇਹ ਕੋਈ ਨੇਕੀ ਨਹੀਂ ਹੈ ਇਹ ਤਾਂ ਮਖ਼ੌਲ ਹੈ ਕਿਉਕਿ ਜੇਕਰ ਉਹ ਇਹਨਾ ਬੁਰਾਈਆਂ ਨੂੰ ਕਰੇ ਅਤੇ ਚੋਰੀ, ਡਾਕਾ ਆਦਿ ਮਾਰੇ ਤਾਂ ਉਹ ਦੰਡ ਪ੍ਰਾਪਤ ਕਰੇਗਾ । ਸੋ, ਇਹ ਕੋਈ ਨੇਕੀ ਨਹੀਂ ਹੈ ਕਿ ਆਰਫ਼ ਦੀ ਦ੍ਰਿਸ਼ਟੀ ਵਿੱਚ ਸਨਮਾਨ ਯੋਗ ਹੋਵੇ ਸਗੋਂ ਵਾਸਤਵ ਵਿੱਚ ਨੇਕੀ ਇਹ ਹੈ ਕਿ ਮਨੁੱਖਤਾ ਦੀ ਸੇਵਾ ਕਰੇ ਅਤੇ ਰੱਬ ਦੇ ਮਾਰਗ ਵਿੱਚ ਪੂਰੀ ਸਚਾਈ ਤੇ ਵਫ਼ਾਦਾਰੀ ਦਿਖਾਏ ਅਤੇ ਇਸ ਦੇ ਮਾਰਗ ਵਿੱਚ ਆਪਣੀ ਜਾਨ ਵੀ ਨਿਛਾਵਰ ਕਰਨ ਲਈ ਤਿਆਰ ਹੋਵੇ । ਇਸੇ ਲਈ ਏਥੇ ਫ਼ਰਮਾਇਆ ਹੈ ਕਿ ਇਨੱਲੱਾਹਾ ਮਾਅਲੱਜ਼ੀ ਨਤੱਾਕਉ ਵਲੱਜ਼ੀਨਾ ਹੁਮ ਮੁਹਸਿਨੂਨ (إِنَّ اللّٰهَ مَعَ الَّذِيْنَ اتَّقَوْا وَّالَّذِيْنَ هُمْ مُّحْسِنُوْنَ ○) ਅਰਥਾਤ ਰੱਬ ਉਹਨਾ ਨਾਲ ਹੈ ਜੋ ਬਦੀ ਤੋਂ ਪਰਹੇਜ਼ ਕਰਦੇ ਹਨ ਅਤੇ ਨਾਲ ਹੀ ਨੇਕੀਆਂ ਵੀ ਕਰਦੇ ਹਨ ।

ਦੁਆ ਦੀ ਵਾਸਤਵਿਕਤਾ ਵਰਨਣ ਕਰਦਿਆਂ ਹੋਇਆਂ ਇਕ ਥਾਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ :

ਦੁਆ ਉਹ ਦਾਰੂ ਹੈ ਜੋ ਇਕ ਮੁੱਠ ਮਿੱਟੀ ਨੂੰ ਇਕ ਰਸਾਇਣ ਬਣਾ ਦਿੰਦੀ ਹੈ ਅਰਥਾਤ ਇਕ ਮਿੱਟੀ ਦੀ ਮੁੱਠ ਸੋਨਾ ਬਣ ਜਾਂਦੀ ਹੈ । ਅਜਿਹੇ ਪ੍ਰਭਾਵ ਹੋਣੇ ਚਾਹੀਦੇ ਹਨ ਦੁਆ ਵਿੱਚ । ਅਤੇ ਉਹ ਇਕ ਪਵਿੱਤਰ ਪਾਣੀ ਹੈ ਜੋ ਭੀਤਰੀ ਦੂਸ਼ਣ ਨੂੰ ਧੋ ਦਿੰਦਾ ਹੈ, ਪਰ ਕਿਹੋ ਜਿਹੀ ਦੁਆ, ਫ਼ਰਮਾਇਆ ਕਿ ਉਸ ਦੁਆ ਨਾਲ ਰੂਹ ਪੰਘਰਦੀ ਹੈ ਅਜਿਹੀ ਦੁਆ ਜੋ ਮਨ ਵਿੱਚੋਂ ਨਿਕਲ ਰਹੀ ਹੋਵੇ ਅਤੇ ਰੂਹ ਪੰਘਰਦੀ ਹੋਵੇ ਉਸ ਨਾਲ । ਅਤੇ ਪਾਣੀ ਵਾਂਗ ਵੱਗਕੇ ਇੱਕੋ ਇਕ ਰੱਬ ਦੇ ਦਰ'ਤੇ ਡਿਗੱਦੀ ਹੈ । ਰੱਬ ਦੀ ਹਜ਼ੂਰੀ ਵਿੱਚ ਪੇਸ਼ ਹੁੰਦੀ ਹੈ, ਉਹ ਰੱਬ ਦੀ ਹਜ਼ੂਰੀ ਵਿੱਚ ਖੜੀ ਵੀ ਹੁੰਦੀ ਹੈ ਰੁਕੂਅ (ਝੁਕਦੀ) ਵੀ ਕਰਦੀ ਹੈ ਅਤੇ ਸਜੱਦਾ ਵੀ ਕਰਦੀ ਹੈ ਅਤੇ ਇਸੇ ਦਾ ਪ੍ਰਤੀਬਿੰਬ ਉਹ ਨਮਾਜ਼ ਹੈ ਜੋ ਇਸਲਾਮ ਨੇ ਸਿਖਾਈ ਹੈ । ਜੇਕਰ ਨਮਾਜ਼ ਦੀ ਵਾਸਤਵਿਕਤਾ ਜਾਨਣੀ ਹੈ ਕਿ ਹਕੀਕਤ ਕੀ ਹੈ ਤਾਂ ਫਿਰ ਇਹ ਨਮਾਜ਼ ਹੈ ਜਿਸ ਰਾਹੀਂ ਰੱਬ ਮਿਲਦਾ ਹੈ । ਲੋਕ ਕਹਿੰਦੇ ਹਨ ਕਿ ਨਮਾਜ਼ਾਂ ਬਹੁਤ ਪੜ੍ਹੀਆਂ ਹਨ ਰੱਬ ਨਹੀਂ ਮਿਲਿਆ । ਇਸ ਲਈ ਇਹ ਹਾਲਤ ਪੈਦਾ ਕਰਨ ਦੀ ਲੋੜ ਹੈ ਅਤੇ ਸ਼ਰੀਅਤ ਇਸਲਾਮੀ ਨੇ ਇਸ ਦਾ ਚਿਤੱਰ ਸਾਧਾਰਣ ਨਮਾਜ਼ ਵਿੱਚ ਖਿਚੱਕੇ ਦਿਖਾਇਆ ਹੈ ਤਾਂ ਜੋ ਸ਼ਰੀਰਕ ਰੂਪ ਦੀਆਂ ਨਮਾਜ਼ਾਂ ਰੂਹਾਨੀ ਨਮਾਜ਼ ਵਾਂਗ ਸਮਰੂਪ ਹੋਣ ਕਿਉਂਕਿ ਰੱਬ ਨੇ ਮਨੁੱਖ ਦੇ ਵੁਜੂਦ ਦੀ ਬਨਾਵਟ ਅਜਿਹੀ ਹੀ ਪੈਦਾ ਕੀਤੀ ਹੈ ਕਿ ਰੂਹ (ਆਤਮਾ) ਦਾ ਪ੍ਰਭਾਵ ਸ਼ਰੀਰ ਉਪੱਰ ਅਤੇ ਸ਼ਰੀਰ ਦਾ ਪ੍ਰਭਾਵ ਰੂਹ ਉਪੱਰ ਅਵਸ਼ ਹੁੰਦਾ ਹੈ । ਜੇਕਰ ਕੇਵਲ ਦਿਖਾਵੇ ਲਈ ਖੜੇ ਹੋਏ, ਝੁਕੇ ਅਤੇ ਸਜੱਦਾ ਕੀਤਾ ਤਾਂ ਇਸ ਦਾ ਕੋਈ ਲਾਭ ਨਹੀਂ ਹੈ ਜੱਦ ਤੱਕ ਕਿ ਇਸ ਦੇ ਨਾਲ ਇਹ ਜਤਨ ਨ ਹੋਵੇ ਕਿ ਰੂਹ (ਆਤਮਾ) ਵੀ ਆਣੇ ਤੌਰ'ਤੇ ਖੜੇ ਹੋਣ ਰੁਕੂਅ (ਝੁਕਣ) ਕਰਨ ਤੇ ਸਜੱਦਾ ਕਰਨ ਵਿੱਚ ਕੁਝ ਭਾਗ ਲਏ ਅਤੇ ਇਹ ਭਾਗ ਲੈਂਣਾ ਮਆਰਫ਼ਤ ਉਪੱਰ ਹੈ ਅਤੇ ਮਆਰਫ਼ ਮਿਹਰ ਉਪੱਰ । ਸੋ ਆਪ ਨੇ ਇਕ ਥਾਂ ਫ਼ਰਮਾਇਆ ਅਤੇ ਵਿਆਖਿਆ ਕੀਤੀ :

ਕਿ ਮਿਹਰ ਜੋ ਹੈ ਉਹ ਮਿਲਦੀ ਤਾਂ ਰੱਬ ਦੀ ਮਿਹਰ ਨਾਲ ਹੀ ਹੈ, ਪਰ ਇਸ ਮਿਹਰ ਨੂੰ ਪ੍ਰਾਪਤ ਕਰਨ ਲਈ ਵੀ ਰੱਬ ਅੱਗੇ ਝੁਕੋ । ਉਸੇ ਤੋਂ ਮੰਗੋ ਅਤੇ ਜੱਦ ਰੱਬ ਦੀ ਮਿਹਰ ਨਾਲ ਇਹ ਮਆਰਫ਼ਤ ਪ੍ਰਾਪਤ ਹੋ ਜਾਵੇ ਤਾਂ ਫਿਰ ਹੀ ਹਕੀਕੀ ਨਮਾਜ਼ ਵੀ ਅਦਾ ਹੁੰਦੀ ਹੈ ਅਤੇ ਉਸ ਲਈ ਸੰਘਰਸ਼ ਤੇ ਮਿਹਨਤ ਦੀ ਲੋੜ ਹੈ ਨਿਰੰਤਰ ਜਤਨ ਕਰਨ ਦੀ ਲੋੜ ਹੈ । ਜੱਦ ਸੰਘਰਸ਼ ਹੋਵੇਗਾ ਫਿਰ ਹੀ ਜਨਮ ਦਾ ਮੰਤਵ ਵੀ ਪੂਰਾ ਹੋਵੇਗਾ ।

ਫ਼ਰਮਾਇਆ : ਅਸਲ ਗੱਲ ਇਹ ਹੈ ਕਿ ਸਭ ਤੋਂ ਔਖਾ ਤੇ ਨਾਜ਼ੁਕ ਮਸਲਾ 'ਹਕੂਕੁਲ ਇਬਾਦ' (ਪ੍ਰਕਿਰਤੀ ਦੇ ਅਧਿਕਾਰ) ਹੀ ਹੈ । ਲੋਕ ਨਮਾਜ਼ਾਂ ਪੜ੍ਹ ਲੈਂਦੇ ਹਨ ਮਸਜਿਦ ਵਿੱਚ ਆਣ ਕੇ ਵੀ, ਚੰਦੇ (ਦਾਨ) ਵੀ ਦਿੰਦੇ ਹਨ, ਕਈ ਵਾਰ ਜਾਨ ਦੀ ਕੁਰਬਾਨੀ ਵੀ ਦੇ ਦਿੰਦੇ ਹਨ, ਪਰ ਕਈ ਵਾਰ ਅਜਿਹੇ ਮੌਕੇ ਆਉਂਦੇ ਹਨ ਕਿ ਲੋਕਾਂ ਤੇ ਹੱਕ ਪੂਰੇ ਕਰਨੇ ਬਹੁਤ ਔਖੇ ਹੋ ਜਾਂਦੇ ਹਨ । ਸੋ, ਇਸ ਅਵਸਥਾ ਵਿੱਚ ਬਹੁਤ ਹੀ ਹੁਸ਼ਿਆਰੀ ਨਾਲ ਪੈਰ੍ਹ ਪੁਟਣਾ ਚਾਹੀਦਾ ਹੈ । ਫ਼ਰਮਾਇਆ ਕਿ ਮੇਰਾ ਤਾਂ ਇਹ ਧਰਮ ਹੈ ਕਿ ਦੁਸ਼ਮਣ ਦੇ ਨਾਲ ਵੀ ਹੱਦੋਂ ਵੱਧ ਸਖ਼ਤੀ ਨ ਹੋਵੇ । ਕਈ ਲੋਕ ਚਾਹੁੰਦੇ ਹਨ ਕਿ ਜਿੱਥੋਂ ਤੱਕ ਹੋ ਸਕੇ ਭੰਨ ਤੋੜ ਤੇ ਬਰਬਾਦੀ ਕਰਨ ਦਾ ਜਤਨ ਕੀਤਾ ਜਾਵੇ ਕਿ ਦੁਸ਼ਮਣ ਨੂੰ ਬਰਬਾਦ ਕਰ ਦੇਈਏ । ਫਿਰ ਉਹ ਇਸ ਚਿੰਤਾ ਵਿੱਚ ਪੈਕੇ ਜਾਇਜ਼ ਨਾਜਾਇਜ਼ ਗੱਲ ਦੀ ਵੀ ਪਰਵਾਹ ਨਹੀਂ ਕਰਦੇ । ਉਸ ਨੂੰ ਬਦਨਾਮ ਕਰਨ ਲਈ ਝੂਠੀਆਂ ਊਝਾਂ ਤੇ ਆਰੋਪ ਲਾਉਂਦੇ ਹਨ ਝੂਠ ਬੋਲਦੇ ਹਨ ਅਤੇ ਉਸ ਦੀ ਗ਼ੀਬਤ (ਚੁਗਲੀ) ਕਰਦੇ ਹਨ । ਦੂਜਿਆਂ ਨੂੰ ਉਸ ਦੇ ਵਿਰੁਧ ਭੜਕਾਉਂਦੇ ਹਨ । ਹੁਣ ਦੱਸੋ ਕਿ ਸਾਧਾਰਣ ਦੁਸ਼ਮਣੀ ਕਰਕੇ ਕਿੰਨ੍ਹੀਆਂ ਬੁਰਾਈਆਂ ਤੇ ਬਦੀਆਂ ਦਾ ਵਾਰਸ ਬਣਿਆ ਅਤੇ ਫਿਰ ਇਹ ਬਦੀਆਂ ਜੱਦ ਆਪਣੇ ਬੱਚੇ ਦੇਣਗੀਆਂ ਤਾਂ ਫਿਰ ਇਕ ਮਗਰੋਂ ਦੂਜੀਆਂ ਬੁਰਾਈਆਂ ਆਉਂਦੀਆਂ ਹਨ, ਜਿਵੇਂ ਬੱਚੇ ਦਿੱਤੇ ਜਾਂਦੇ ਹਨ ਇਕ ਦੇ ਬਾਦ ਦੂਜੀ ਬੁਰਾਈ ਬੱਚੇ ਦਿੰਦੀ ਹੈ, ਜੱਦ ਇਹ ਬੁਰਾਈਆਂ ਆਪਣੇ ਬੱਚੇ ਦੇਣਗੀਆਂ ਤਾਂ ਨੌਬਤ ਕਿੱਥੋਂ ਤੱਕ ਪਹੁੰਚੇਗੀ, ਫ਼ਰਮਾਇਆ ਕਿ ਮੈਂ ਸੱਚ ਸੱਚ ਕਹਿੰਦਾ ਹਾਂ ਕਿ ਤੁਸੀਂ ਕਿਸੇ ਨੂੰ ਆਪਣੇ ਵਿਅਕਤੀਗੱਤ ਦੁਸ਼ਮਣ ਨ ਸਮਝੋ ਅਤੇ ਸਾੜੇ ਤੇ ਕੀਨੇ ਦੀ ਆਦਤ ਨੂੰ ਉਕੱਾ ਹੀ ਤਿਆਗ ਦਿਓ ਅਤੇ ਜੇਕਰ ਰੱਬ ਤੁਹਾਡੇ ਨਾਲ ਹੈ ਅਤੇ ਤੁਸੀਂ ਰੱਬ ਦੇ ਹੋ ਜਾਓ ਤਾਂ ਉਹ ਦੁਸ਼ਮਣਾ ਨੂੰ ਵੀ ਤੁਹਾਡੇ ਸੇਵਕਾਂ ਵਿੱਚ ਦਾਖ਼ਲ ਕਰ ਸਕਦਾ ਹੈ, ਪਰ ਜੇਕਰ ਤੁਸੀਂ ਰੱਬ ਤੋਂ ਹੀ ਅੱਡ ਹੋਈ ਬੈਠੇ ਹੋ ਅਤੇ ਉਸ ਨਾਲ ਹੀ ਕੋਈ ਰਿਸ਼ਤਾ ਤੇ ਸੰਬੰਧ ਨਹੀਂ, ਉਸ ਦੇ ਵਿਰੁਧ ਤੁਹਾਡਾ ਚਾਲ ਚਲਨ ਹੈ, ਉਸ ਦੇ ਵਿਰੁਧ ਤੁਹਾਡੀ ਮਰਜ਼ੀ ਤੇ ਚਾਲ ਚਲਨ ਹੈ ਫਿਰ ਰੱਬ ਤੋਂ ਵਧੱਕੇ ਤੁਹਾਡਾ ਦੁਸ਼ਮਣ ਕੌਣ ਹੋਵੇਗਾ । ਮਖ਼ਲੂਕ (ਲੋਕਾਂ) ਦੀ ਦੁਸ਼ਮਣੀ ਤੋਂ ਮਨੁੱਖ ਬੱਚ ਸਕਦਾ ਹੈ ਪਰ ਜੱਦ ਰੱਬ ਹੀ ਦੁਸ਼ਮਣ ਹੋਵੇ ਤਾਂ ਫਿਰ ਜੇਕਰ ਸਾਰੀ ਦੁਨੀਆ ਮਿਤੱਰ ਹੋਵੇ ਕੁਝ ਨਹੀਂ ਹੋ ਸਕਦਾ । ਇਸ ਲਈ ਤੁਹਾਡਾ ਤਰੀਕਾ ਨਬੀਆਂ (ਅਵਤਾਰਾਂ) ਅਲੈਹਿਮ ਸਲਾਮ ਜਿਹਾ ਹੋਵੇ । ਰੱਬ ਦੀ ਇਹੋ ਇਛੱਾ ਹੈ ਕਿ ਵਿਅਕਤੀਗੱਤ ਦੁਸ਼ਮਣੀ ਕੋਈ ਨ ਹੋਵੇ । ਫ਼ਰਮਾਇਆ ਚੰਗੀ ਤਰ੍ਹਾਂ ਚੇਤੇ ਰੱਖੋ ਕਿ ਖ਼ੁਸ਼ੀ, ਆਦਰ ਤੇ ਸੁਭਾਗ ਫਿਰ ਹੀ ਮਿਲਦਾ ਹੈ ਜੱਦ ਉਹ ਵਿਅਕਤੀਗੱਤ ਰੂਪ ਵਿੱਚ ਕਿਸੇ ਦਾ ਦੁਸਮਣ ਨ ਹੋਵੇ । ਹਾਂ, ਰੱਬ ਅਤੇ ਉਸ ਦੇ ਰਸੂਲ ਦਾ ਸਨਮਾਨ ਵੱਖਰੀ ਗੱਲ ਹੈ । ਰੱਬ ਅਤੇ ਰਸੂਲ ਦੇ ਸਨਮਾਨ ਦਾ ਪ੍ਰਸ਼ਨ ਪੈਦਾ ਹੁੰਦਾ ਹੈ ਤਾਂ ਓਥੇ ਦੁਸ਼ਮਣੀ ਪੈਦਾ ਹੋ ਜਾਂਦੀ ਹੈ ਅਰਥਾਤ ਜੋ ਮਨੁੱਖ ਰੱਬ ਅਤੇ ਉਸ ਦੇ ਰਸੂਲ ਦਾ ਸਨਮਾਨ ਨਹੀਂ ਕਰਦਾ ਸਗੋਂ ਉਹਨਾਂ ਦਾ ਦੁਸ਼ਮਣ ਹੈ, ਉਸ ਨੂੰ ਤੁਸੀਂ ਆਪਣਾ ਦੁਸ਼ਮਣ ਸਮਝੋ । ਇਹ ਦੁਸ਼ਮਣੀ ਸਮਝਣ ਦੇ ਇਹ ਅਰਥ ਨਹੀਂ ਕਿ ਤੁਸੀਂ ਉਸ'ਤੇ ਝੂਠੇ ਆਰੋਪ ਲਾਓ ਅਤੇ ਅਕਾਰਣ ਹੀ ਉਸ ਨੂੰ ਦੁੱਖ ਦੇਣ ਦੇ ਮਨਸੂਬੇ ਬਣਾਓ, ਨਹੀਂ, ਸਗੋਂ ਉਸ ਤੋਂ ਅੱਡ ਹੋ ਜਾਓ । ਦੁਸ਼ਮਣ ਹੈ ਉਸ ਤੋਂ ਅੱਡ ਹੋ ਜਾਓ ਅਤੇ ਰੱਬ ਦੇ ਹਵਾਲੇ ਉਸ ਦਾ ਮਾਮਲਾ ਕਰੋ । ਸੰਭਵ ਹੋਵੇ ਤਾਂ ਉਸ ਦੇ ਸੁਧਾਰ ਲਈ ਦੁਆ ਕਰੋ । ਸੰਭਵ ਹੋਵੇ ਤਾਂ ਦੁਸ਼ਮਣ ਦੇ ਸੁਧਰ ਲਈ ਦੁਆ ਕਰੋ ਆਪਣੀ ਵੱਲੋਂ ਕੋਈ ਨਵੀਂ ਭਾਜੀ ਉਸ ਨਾਲ ਅਰੰਭ ਨ ਕਰੋ ਅਰਥਾਤ ਕੋਈ ਨਵਾਂ ਝਗੜਾ ਨ ਸ਼ੁਰੂ ਕਰ ਦਿਓ । ਫਰਮਾਇਆ ਕਿ ਇਹ ਗਲੱਾਂ ਹਨ ਜੋ ਨਫ਼ਸ (ਆਪਣੇ ਆਪੇ) ਦੀ ਪੜਚੋਲ ਬਾਰੇ ਹਨ

ਕਹਿੰਦੇ ਹਨ ਕਿ ਹਜ਼ਰਤ ਅਲੀ ਕਰਮੁਲੱਾਹ ਵਜਹੁ ਇਕ ਦੁਸ਼ਮਣ ਨਾਲ ਲੜ ਰਹੇ ਸਨ ਅਤੇ ਕੇਵਲ ਰੱਬ ਖ਼ਾਤਰ ਲੜ ਰਹੇ ਸਨ, ਅਖ਼ੀਰ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਨੇ ਉਸ ਨੂੰ ਹੇਠਾਂ ਸੁੱਟ ਲਿਆ ਅਤੇ ਉਸ ਦੀ ਹਿੱਕ ਉਪੱਰ ਚੜ੍ਹ ਬੈਠੇ ਉਸ ਨੇ ਝੱਟ ਹਜ਼ਰਤ ਅਲੀ ਦੇ ਮੂੰਹ ਉਪੱਰ ਥੁੱਕ ਦਿਤੱਾ । ਆਪ ਝੱਟ ਉਸ ਦੀ ਹਿੱਕ'ਤੋਂ ਹੇਠਾਂ ਉਤਰ ਗਏ ਅਤੇ ਉਸ ਨੂੰ ਛੱਡ ਦਿੱਤਾ ਇਸ ਲਈ ਕਿ ਹੁਣ ਤੱਕ ਤਾਂ ਮੈਂ ਕੇਵਲ ਰੱਬ ਖ਼ਾਤਰ ਤੇਰੇ ਨਾਲ ਲੜ ਰਿਹਾ ਸੀ ਪਰ ਜੱਦ ਤੂੰ ਮੇਰੇ ਮੂੰਹ'ਤੇ ਥੁੱਕ ਦਿਤੱਾ ਹੈ ਤਾਂ ਮੇਰੇ ਆਪਣੇ ਨਫ਼ਸ (ਆਪੇ) ਦਾ ਕੁਝ ਭਾਗ ਇਸ ਵਿੱਚ ਸ਼ਾਮਲ ਹੋ ਜਾਂਦਾ ਹੈ । ਸੋ, ਮੈਂ ਨਹੀਂ ਚਾਹੁੰਦਾ ਕਿ ਆਪਣੇ ਆਪੇ ਲਈ ਮੈਂ ਤੁਹਾਨੂੰ ਕਤਲ ਕਰਾਂ । ਇਸ ਤੋਂ ਸਾਫ਼ ਪਤਾ ਲਗੱਦਾ ਹੈ ਕਿ ਆਪ ਨੇ ਆਪਣੇ ਨਫ਼ਸ (ਵਿਅਕਤੀਗੱਤ) ਦੇ ਦੁਸ਼ਮਣ ਨੂੰ ਦੁਸ਼ਮਣ ਨਹੀਂ ਸਮਝਿਆ । ਅਜਿਹਾ ਸੁਭਾਵ ਤੇ ਆਦਤ ਆਪਣੇ ਅੰਦਰ ਪੈਦਾ ਕਰਨੀ ਚਾਹੀਦੀ ਹੈ । ਜੇਕਰ ਵਿਕਅਤੀਗਤ ਲੋਭ ਤੇ ਉਦੇਸ਼ਿਆਂ ਲਈ ਕਿਸੇ ਨੂੰ ਦੁੱਖ ਦਿੰਦੇ ਹੋ ਅਤੇ ਦੁਸ਼ਮਣੀ ਦੀ ਕੜੀਆਂ ਨੂੰ ਵਧਾਉਂਦੇ ਹੋ ਤਾਂ ਇਸ ਤੋਂ ਵਧੱਕੇ ਰੱਬ ਨੂੰ ਨਰਾਜ਼ ਕਰਨ ਵਾਲੀ ਹੋਰ ਕਿਹੜੀ ਗੱਲ ਹੋ ਹੋਵੇਗੀ ।

ਸੋ, ਕਿਸੇ ਵਿਅਕਤੀਗੱਤ ਦੁਸ਼ਮਣੀ ਕਰਕੇ ਕਿਸੇ ਨੂੰ ਦੁੱਖ ਨਹੀਂ ਦੇਣਾ ਅਤੇ ਰੱਬ ਅਤੇ ਉਸ ਦੇ ਰਸੂਲ ਦੇ ਦੁਸ਼ਮਣ ਨੂੰ ਹੀ ਆਪਣਾ ਦੁਸ਼ਮਣ ਸਮਝੋ । ਓਥੋਂ ਉਠੱਕੇ ਅੱਡਰੇ ਹੋ ਜਾਓ, ਉਸ ਦੇ ਲਈ ਦੁਆ ਕਰੋ, ਉਸ ਦੇ ਸੁਧਾਰ ਦਾ ਜਤਨ ਕਰੋ ਅਤੇ ਉਸ ਦੇ ਹਮਲਿਆਂ ਦਾ ਉੱਤਰ ਦਿਓ, ਪਰ ਜੋ ਜਾਇਜ਼ ਤਰੀਕੇ ਹਨ । ਪਰ ਇਹ ਨਹੀਂ ਕਿ ਉਸ ਦੀ ਹਰ ਇਕ ਗੱਲ ਨੂੰ ਬੁਰਾ ਸਮਝਦੇ ਹੋਏ ਪੂਰਨ ਰੂਪ ਵਿੱਚ ਗਲਤ ਤਰੀਕਿਆਂ ਨਾਲ ਦੁਸ਼ਮਣੀ'ਤੇ ਉਤਾਰੂ ਹੋ ਜਾਓ ਇਹ ਵੀ ਗਲਤ ਹੈ ।

ਅਲੱਾਹ ਤਆਲਾ ਸਾਨੂੰ ਤਕਵਾ (ਸੰਜਮਤਾ) ਦਾ ਹਕੀਕੀ ਬੋਧ ਤੇ ਸੂਝਬੂਝ ਪ੍ਰਦਾਨ ਕਰੇ ਅਤੇ ਆਪਣੀ ਮਿਹਰ ਕਰਦਿਆਂ ਹੋਇਆਂ ਰੱਬ ਦੀ ਨੇੜਤਾ ਪ੍ਰਾਪਤ ਕਰਨ ਵਾਲੀਆਂ ਸਾਡੀਆਂ ਨਮਾਜ਼ਾਂ ਤੇ ਇਬਾਦਤਾਂ ਹੋਣ । 'ਹਕੂਕੁਲ ਇਬਾਦ' (ਲੋਕਾਂ ਦੇ ਅਧਿਕਾਰਾਂ) ਦੀ ਅਦਾਇਗੀ ਨੂੰ ਸੂਖਮਤਾ ਨਾਲ ਸਮਝਣ ਵਾਲਾ ਸਾਨੂੰ ਰੱਬ ਬਣਾਏ । ਸਾਡਾ ਹਰ ਕਰਮ ਭਾਵੇਂ ਉਹ ਸੰਸਾਰਕ ਹੋਵੇ, ਇਸ ਨੀਯਤ ਨਾਲ ਹੋਵੇ ਕਿ ਅਸੀਂ ਰੱਬ ਦੀ ਰਜ਼ਾ ਨੂੰ ਹਰ ਹਾਲ ਵਿੱਚ ਹਾਸਲ ਕਰਨਾ ਹੈ ਅਤੇ ਪਹਿਲ ਦੇਣੀ ਹੈ । ਰੱਬ ਸਾਨੂੰ ਇਸ ਦਾ ਸੁਭਾਗ ਪ੍ਰਦਾਨ ਕਰੇ । ਆਮੀਨ ।

**Khulasa Khutba Jumma 03.02.2017**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131